Press Note

# Jagat Guru Nanak Dev
# Punjab State Open University, Patiala

**PSOU/PRO/2024/114** **Date: 27 September 2024**

## JGND PSOU ਫੈਕਲਟੀ ਮੈਂਬਰ ਨੂੰ ਅਹਿਲਿਆ ਬਾਈ ਹੋਲਕਰ ਐਵਾਰਡ

ਡਾ. ਮੋਨਿਕਾ ਪਾਠਕ, ਅਸਿਸਟੈਂਟ ਪ੍ਰੋਫੈਸਰ, ਸਕੂਲ ਆਫ਼ ਸਾਇੰਸਜ਼ ਅਤੇ ਐਮਰਜਿੰਗ ਤਕਨਾਲੋਜੀ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਨੂੰ ਅਹਿਲਿਆ ਬਾਈ ਹੋਲਕਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਵਾਇਸ ਚਾਂਸਲਰ ਡਾ. ਰੇਨੂੰ ਵਿੱਜ ਦੁਆਰਾ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਹਨਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜੋ ਸਮਾਜ ਦੀ ਭਲਾਈ, ਖਾਸ ਕਰਕੇ ਸਿੱਖਿਆ ਅਤੇ ਸਮਾਜਿਕ ਸੁਧਾਰਾਂ ਵਿੱਚ ਸ਼੍ਰੇਸ਼ਠ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਹ ਐਵਾਰਡ ਰਾਣੀ ਅਹਿਲਿਆ ਬਾਈ ਦੀ ਯਾਦ ਵਿੱਚ ਹੈ, ਜੋ ਆਪਣੇ ਦਾਨ, ਸਿਆਣਪ, ਅਤੇ ਲੋਕਾਂ ਦੀ ਭਲਾਈ ਲਈ ਮਸ਼ਹੂਰ ਸਨ। ਡਾ. ਮੋਨਿਕਾ ਪਾਠਕ ਨੇ ਸੋਫਟਵੇਅਰ ਇੰਜੀਨੀਅਰਿੰਗ ਤੇ ਆਫਿਸ ਆਟੋਮੇਸ਼ਨ ਜਿਹੀਆਂ ਪੰਜ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ। ਡਾ. ਮੋਨਿਕਾ ਪਾਠਕ **Indian Society for Technical Education (ISTE)** ਅਤੇ **International Association of Engineers (IAENG)** ਦੇ ਵੀ ਮੈਂਬਰ ਹਨ।

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਮਾਨਯੋਗ ਵਾਈਸ ਚਾਂਸਲਰ ਪ੍ਰੋਫੈਸਰ ਕਰਮਜੀਤ ਸਿੰਘ ਜੀ ਨੇ ਡਾ. ਮੋਨਿਕਾ ਪਾਠਕ ਨੂੰ ਇਸ ਸਨਮਾਨ 'ਤੇ ਵਧਾਈ ਦਿੱਤੀ। ਉਹਨਾਂ ਕਿਹਾ, "ਡਾ. ਪਾਠਕ ਉਸ ਸੇਵਾ ਦੀ ਮਿਸਾਲ ਪੇਸ਼ ਕਰਦੇ ਹਨ, ਜੋ ਇਹ ਅਵਾਰਡ ਦਰਸਾਉਂਦਾ ਹੈ। ਸਾਨੂੰ ਉਹਨਾਂ ਦੇ ਯੋਗਦਾਨਾਂ 'ਤੇ ਬਹੁਤ ਮਾਣ ਹੈ।"

27/09/24

ਡਾਇਰੈਕਟਰ
ਲੋਕ ਸੰਪਰਕ ਸੈੱਲ

**Director-Public Relations Cell**
**Jagat Guru Nanak Dev**
**Punjab State Open University**
**Patiala – 147001(PB) INDIA**

## News Clips



SAT,28 SEPTEMBER 2024
EDITION: PATIALA BANI, PAGE NO. 1

# ਡਾ. ਮੋਨਿਕਾ ਪਾਠਕ ਨੂੰ 'ਅਹਿਲਿਆ ਬਾਈ ਹੋਲਕਰ' ਐਵਾਰਡ ਪ੍ਰਦਾਨ

ਪਟਿਆਲਾ, 27 ਸਤੰਬਰ (ਰਾਜੇਸ਼ ਪੰਜੌਲਾ)- ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਸਕੂਲ ਆਫ ਸਾਇੰਸਿਜ਼ ਅਤੇ ਐਮਰਜਿੰਗ ਤਕਨਾਲੋਜੀ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮੋਨਿਕਾ ਪਾਠਕ 'ਅਹਿਲਿਆ ਬਾਈ ਹੋਲਕਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਾਈਸ ਚਾਂਸਲਰ ਡਾ. ਰੇਨੂੰ ਵਿੱਜ ਵੱਲੋਂ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜੋ ਸਮਾਜ ਦੀ ਭਲਾਈ, ਖਾਸ ਕਰ ਕੇ ਸਿੱਖਿਆ ਅਤੇ ਸਮਾਜਿਕ ਸੁਧਾਰਾਂ 'ਚ ਸ੍ਰੇਸ਼ਠ ਸੇਵਾਵਾਂ ਪ੍ਰਦਾਨ ਕਰਨ 'ਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਹ ਐਵਾਰਡ ਰਾਣੀ ਅਹਿਲਿਆ ਬਾਈ ਦੀ ਯਾਦ ਵਿਚ ਹੈ, ਜੋ ਆਪਣੇ ਦਾਨ, ਸਿਆਣਪ ਅਤੇ ਲੋਕਾਂ ਦੀ ਭਲਾਈ ਲਈ ਮਸ਼ਹੂਰ ਸਨ।

ਡਾ. ਮੋਨਿਕਾ ਪਾਠਕ ਨੂੰ ਐਵਾਰਡ ਦਿੱਤੇ ਜਾਣ ਦਾ ਦ੍ਰਿਸ਼। (ਰਾਜੇਸ਼)

ਡਾ. ਮੋਨਿਕਾ ਪਾਠਕ ਨੇ ਸੌਫਟਵੇਅਰ ਇੰਜੀਨੀਅਰਿੰਗ ਤੇ ਆਫਿਸ ਆਟੋਮੇਸ਼ਨ ਜਿਹੀਆਂ 5 ਕਿਤਾਬਾਂ ਪ੍ਰਕਾਸ਼ਿਤ ਕੀਤੀਆਂ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਕਰਮਜੀਤ ਸਿੰਘ ਨੇ ਡਾ. ਮੋਨਿਕਾ ਪਾਠਕ ਨੂੰ ਇਸ ਸਨਮਾਨ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਡਾ. ਪਾਠਕ ਉਸ ਸੇਵਾ ਦੀ ਮਿਸਾਲ ਪੇਸ਼ ਕਰਦੇ ਹਨ, ਜੋ ਇਹ ਐਵਾਰਡ ਦਰਸਾਉਂਦਾ ਹੈ।

SAT,28 SEPTEMBER 2024
EDITION: PATIALA KESARI, PAGE NO. 1

# डा. मोनिका पाठक 'अहलिया बाई होलकर' अवार्ड से सम्मानित

पटियाला, 27 सितम्बर (राजेश) : जगत गुरु नानक देव पंजाब स्टेट ओपन यूनिवर्सिटी के स्कूल ऑफ साइंस और एमरजिंग प्रौद्योगिकी के असिस्टेंट प्रोफेसर डा. मोनिका पाठक 'अहलिया बाई होलकर' अवार्ड के साथ सम्मानित किया गया है।

यह अवार्ड पंजाब यूनिवर्सिटी चंडीगढ़ की वाइस चांसलर डा. रेनूं विज्ज की तरफ से देकर सम्मानित किया गया। यह अवार्ड उन व्यक्तियों को दिया जाता है जो समाज की भलाई, विशेष कर शिक्षा और सामाजिक सुधारों में श्रेष्ठ सेवाएं प्रदान करने में महत्वपूर्ण योगदान डालते हैं। यह अवार्ड रानी अहलिया बाई की याद में है जो अपने दान, बुद्धिमत्ता और लोगों की भलाई के लिए प्रसिद्ध थे।

डा. मोनिका पाठक को अवार्ड दिए जाने का दृश्य। (सुंदर)

डा. मोनिका पाठक ने सॉफ्टवेयर इंजीनियरिंग और आफिस आटोमेशन जैसी पांच किताबें प्रकाशित की। जगत गुरु नानक देव पंजाब स्टेट ओपन यूनिवर्सिटी के वाइस चांसलर प्रोफैसर करमजीत सिंह ने डा. मोनिका पाठक को इस सम्मान पर बधाई दी। उन्होंने कहा कि डा. पाठक उस सेवा की मिसाल पेश करते हैं जो यह अवार्ड दिखाता है।

## Photo




## Links

https://www.instagram.com/p/DAckgTuhuxm/?hl=en&img_index=1

https://www.facebook.com/photo/?fbid=122207379986031399&set=pcb.122207380070031399